ਸਬਕਲਾਸ 866 Punjabi | ਪੰਜਾਬੀ ਭਾਰਤ



# Protection visa

## Protection visas ਬਾਰੇ ਗੱਲਬਾਤ ਨੂੰ ਬਦਲੋ

**Protection visa (ਸਬਕਲਾਸ 866) ਅਸਲ ਪਨਾਹ ਮੰਗਣ ਵਾਲਿਆਂ ਲਈ ਹੈ ਜੋ ਆਪਣੇ ਦੇਸ਼ ਵਿੱਚ ਮਹੱਤਵਪੂਰਣ ਨੁਕਸਾਨ ਜਾਂ ਤਸ਼ੱਦਦ ਦੇ ਅਸਲ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ।**

ਆਸਟ੍ਰੇਲੀਆ ਦੀ ਸਰਕਾਰ ਹੁਣ Protection visa ਲਈ ਅਰਜ਼ੀ ਦੇਣ ਬਾਰੇ ਸੋਚ ਰਹੇ ਲੋਕਾਂ ਲਈ **ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ** ਪ੍ਰਦਾਨ ਕਰਵਾ ਰਹੀ ਹੈ। ਇਹ ਸਲਾਹ ਸੰਭਾਵਿਤ ਬਿਨੈਕਾਰਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰੇਗੀ ਕਿ ਕੀ ਉਹ ਯੋਗ ਹੋ ਸਕਦੇ ਹਨ, ਅਤੇ ਕਿਸੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਖ਼ਤਰਿਆਂ ਨੂੰ ਘੱਟ ਕਰਨਗੇ ਜੋ ਝੂਠੀ ਸਲਾਹ ਪ੍ਰਦਾਨ ਕਰ ਰਹੇ ਹੋ ਸਕਦੇ ਹਨ।

**ਇਹ ਤੱਥ ਸ਼ੀਟ Protection visa ਲਈ ਅਰਜ਼ੀ ਦੇਣ ਬਾਰੇ ਸੋਚਣ ਵਾਲਿਆਂ ਲਈ ਜ਼ਰੂਰੀ ਜਾਣਕਾਰੀ ਅਤੇ ਮਹੱਤਵਪੂਰਨ ਵੇਰਵੇ ਪ੍ਰਦਾਨ ਕਰਦੀ ਹੈ।**

## ਤੱਥ ਕੀ ਹਨ?

Protection visas **ਅਸਲ ਪਨਾਹ ਮੰਗਣ ਵਾਲਿਆਂ** ਲਈ ਹਨ। ਉਹ ਉਨ੍ਹਾਂ ਲੋਕਾਂ ਲਈ ਨਹੀਂ ਹਨ ਜੋ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

Protection visa ਅਰਜ਼ੀ ਵਿੱਚ ਝੂਠੀ ਜਾਣਕਾਰੀ ਪ੍ਰਦਾਨ ਕਰਨ ਨਾਲ **ਜੇਲ੍ਹ ਅਤੇ ਵੱਡੇ ਜੁਰਮਾਨੇ** ਹੋ ਸਕਦੇ ਹਨ

ਜੇ ਤੁਹਾਡੀ Protection visa ਅਰਜ਼ੀ ਨਾ-ਮਨਜ਼ੂਰ ਹੋ ਜਾਂਦੀ ਹੈ, ਤਾਂ ਤੁਹਾਡੇ ਜਾਂ ਤੁਹਾਡੇ ਪਰਿਵਾਰ ਵਾਸਤੇ **ਕਦੇ ਵੀ ਆਸਟ੍ਰੇਲੀਆ ਵਾਪਸ ਆਉਣਾ** ਮੁਸ਼ਕਿਲ ਹੋ ਸਕਦਾ ਹੈ

Protection visa ਲਈ ਔਸਤ ਨਾ-ਮਨਜ਼ੂਰ ਹੋਣ ਦੀ ਦਰ **85% ਤੋਂ ਵੱਧ ਹੈ**

ਭਾਰਤੀ ਨਾਗਰਿਕਾਂ ਦੀਆਂ Protection visa ਅਰਜ਼ੀਆਂ ਨਾ-ਮਨਜ਼ੂਰ ਹੋਣ ਦੀ ਦਰ ਸਭ ਤੋਂ ਵੱਧ ਹੈ। 2023-24 ਵਿੱਚ 97% ਭਾਰਤੀ ਅਰਜ਼ੀਆਂ **ਲੋੜਾਂ ਨੂੰ ਪੂਰਾ ਨਹੀਂ ਕਰ ਸਕੀਆਂ ਅਤੇ ਉਨ੍ਹਾਂ ਨੂੰ ਨਾਮਨਜ਼ੂਰ ਕਰ ਦਿੱਤਾ ਗਿਆ**

ਕਿਸੇ ਨੂੰ ਵੀ ਇਹ ਸਮਝੇ ਬਿਨਾਂ ਕਿ ਤੁਸੀਂ ਕਿਸ ਲਈ ਅਰਜ਼ੀ ਦੇ ਰਹੇ ਹੋ ਅਤੇ ਕਿਹੜੀ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ ਤੁਹਾਡੇ ਲਈ Protection visa ਲਈ ਅਰਜ਼ੀ **ਨਾ ਪਾਉਣ ਦਿਓ**

**ਤੁਹਾਨੂੰ ਲਾਜ਼ਮੀ ਤੌਰ 'ਤੇ** ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਅਰਜ਼ੀ ਵਿੱਚ ਸਭ ਕੁਝ ਸਹੀ ਹੈ, ਭਾਵੇਂ ਕੋਈ ਹੋਰ ਤੁਹਾਡੇ ਲਈ ਇਸ ਨੂੰ ਪੂਰਾ ਕਰਦਾ ਹੈ

## ਯੋਗਤਾ

Protection visas ਉਨ੍ਹਾਂ ਲੋਕਾਂ (ਜਾਂ ਉਨ੍ਹਾਂ ਦੇ ਪਰਿਵਾਰ ਦੇ ਜੀਆਂ) ਲਈ ਹੁੰਦੇ ਹਨ ਜਿਨ੍ਹਾਂ ਨੂੰ **ਬਹੁਤ ਜ਼ਿਆਦਾ ਨੁਕਸਾਨ ਝੱਲਣ ਦਾ ਅਸਲ ਖਤਰਾ ਹੁੰਦਾ ਹੈ** ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਜਾਂ ਇਹਨਾਂ ਆਧਾਰਾਂ 'ਤੇ ਤਸ਼ੱਦਦ ਦੀ ਅਸਲ ਸੰਭਾਵਨਾ ਦਾ ਸਾਹਮਣਾ ਕਰਦੇ ਹਨ:

- ਨਸਲ
- ਧਰਮ
- ਕੌਮੀਅਤ
- ਕਿਸੇ ਵਿਸ਼ੇਸ਼ ਸਮਾਜਿਕ ਸਮੂਹ ਦੀ ਸਦੱਸਤਾ ਜਾਂ
- ਰਾਜਨੀਤਿਕ ਰਾਏ

## ਗ਼ਲਤ ਜਾਣਕਾਰੀ

ਆਸਟ੍ਰੇਲੀਆ ਅਤੇ ਵਿਦੇਸ਼ਾਂ ਵਿੱਚ ਰਹਿ ਰਹੇ ਲੋਕਾਂ ਨੂੰ Protection visas ਪ੍ਰਦਾਨ ਕੀਤੇ ਜਾਣ ਬਾਰੇ ਬਹੁਤ ਸਾਰੀਆਂ ਝੂਠੀਆਂ ਜਾਣਕਾਰੀਆਂ ਹਨ, ਜਿਸ ਦੇ Protection visa ਬਿਨੈਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ **ਗੰਭੀਰ ਨਤੀਜੇ** ਹੋ ਸਕਦੇ ਹਨ। Protection visas ਅਸਲ ਪਨਾਹ ਮੰਗਣ ਵਾਲਿਆਂ ਲਈ ਹਨ। **ਉਹ ਉਨ੍ਹਾਂ ਲੋਕਾਂ ਲਈ ਨਹੀਂ ਹਨ** ਜੋ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਜ਼ਿਆਦਾਤਰ ਨਵੀਆਂ Protection visa ਅਰਜ਼ੀਆਂ ਦਾ ਫ਼ੈਸਲਾ ਹੁਣ ਹਾਲ ਹੀ ਦੇ ਸਾਲਾਂ ਦੇ ਮੁਕਾਬਲੇ **ਲਗਭਗ 8 ਗੁਣਾ ਤੇਜ਼ੀ ਨਾਲ** ਕੀਤਾ ਜਾ ਰਿਹਾ ਹੈ।

## ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨਾ

ਇਹ ਸਮਝਣਾ ਮਹੱਤਵਪੂਰਨ ਹੈ ਕਿ ਜੇ ਤੁਸੀਂ Protection visa ਅਰਜ਼ੀ ਵਿੱਚ ਝੂਠੇ ਦਸਤਾਵੇਜ਼ ਪ੍ਰਦਾਨ ਕਰਦੇ ਹੋ ਜਾਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦਿੰਦੇ ਹੋ, ਤਾਂ **ਤੁਹਾਨੂੰ ਵੱਡਾ ਜੁਰਮਾਨਾ ਅਤੇ 10 ਸਾਲ ਤੱਕ ਦੀ ਜੇਲ੍ਹ ਹੋ ਸਕਦੀ ਹੈ।**

## ਜੇ ਤੁਹਾਨੂੰ Protection visa ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ

ਜੇ ਤੁਹਾਡੀ Protection visa ਅਰਜ਼ੀ ਨਾ-ਮਨਜ਼ੂਰ ਹੁੰਦੀ ਹੈ ਅਤੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ, ਤਾਂ **ਤੁਹਾਨੂੰ ਆਸਟ੍ਰੇਲੀਆ ਛੱਡਣ ਦੀ ਲੋੜ ਪਵੇਗੀ**। ਜੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ, ਤਾਂ ਤੁਹਾਨੂੰ **Australian Border Force (ਆਸਟ੍ਰੇਲੀਅਨ ਬਾਰਡਰ ਫੋਰਸ)** ਦੁਆਰਾ **ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਆਸਟ੍ਰੇਲੀਆ ਤੋਂ ਬਾਹਰ ਕੱਢਿਆ ਜਾ ਸਕਦਾ ਹੈ।**

# Protection visa

## Protection visas ਬਾਰੇ ਗੱਲਬਾਤ ਨੂੰ ਬਦਲੋ

ਪਹਿਲਾਂ ਕਿਸੇ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤੇ ਤੋਂ ਮੁਫ਼ਤ ਕਾਨੂੰਨੀ ਸਲਾਹ ਲਏ ਬਿਨਾਂ Protection visa ਵੀਜ਼ੇ ਲਈ ਅਰਜ਼ੀ ਨਾ ਦਿਓ।

### ਯਾਦ ਰੱਖਣ ਵਾਲੀਆਂ ਚੀਜ਼ਾਂ

- ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ **ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ** ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਲੈਣ ਲਈ ਪਹੁੰਚ ਕਰੋ
- Protection visas ਬਾਰੇ **ਵਧੇਰੇ ਜਾਣਕਾਰੀ** ਪ੍ਰਾਪਤ ਕਰਨ ਲਈ, homeaffairs.gov.au/protection 'ਤੇ ਜਾਓ
- ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਇਮੀਗ੍ਰੇਸ਼ਨ ਸਲਾਹ ਕਾਨੂੰਨੀ ਹੈ ਕਿਸੇ **ਰਜਿਸਟਰਡ ਮਾਈਗ੍ਰੇਸ਼ਨ ਏਜੰਟ** ਦੀ ਮਾਈਗ੍ਰੇਸ਼ਨ ਏਜੰਟ ਰਜਿਸਟ੍ਰੇਸ਼ਨ ਅਥਾਰਟੀ (OMARA) ਦੇ ਦਫਤਰ ਵਿੱਚ ਜਾ ਕੇ ਭਾਲ ਕਰੋ।
- ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖੋ। **ਗੈਰ-ਰਜਿਸਟਰਡ ਪ੍ਰਵਾਸੀ ਸਲਾਹਕਾਰਾਂ ਦੀ ਗੁਪਤ ਰੂਪ ਵਿੱਚ** ਆਸਟ੍ਰੇਲੀਆ ਦੀ ਬਾਰਡਰ ਵਾਚ **ਨੂੰ ਰਿਪੋਰਟ ਕਰੋ**
- ਇਹ ਪਤਾ ਕਰੋ ਕਿ ਕੀ **ਕਿਸੇ ਹੋਰ ਵੀਜ਼ੇ ਦੀਆਂ ਚੋਣਾਂ** ਤੁਹਾਡੇ ਲਈ ਉਚਿਤ ਹਨ, ਘਰੇਲੂ ਮਾਮਲਿਆਂ ਦੀ ਵੈੱਬਸਾਈਟ 'ਤੇ ਵੀਜ਼ਾ ਲੱਭਣ ਵਾਲੇ ਵੈੱਬਪੇਜ 'ਤੇ ਜਾਓ



### ਨਾ-ਮੰਨੀ ਗਈ ਅਰਜ਼ੀ ਦੇ ਨਤੀਜੇ

ਆਸਟ੍ਰੇਲੀਆ ਵਿੱਚ ਨਾ-ਮੰਨੀ ਗਈ Protection visa ਅਰਜ਼ੀ **ਤੁਹਾਡੇ ਇਮੀਗ੍ਰੇਸ਼ਨ ਰਿਕਾਰਡ 'ਤੇ ਰਹਿੰਦੀ ਹੈ**, ਜਿਸ ਨਾਲ ਭਵਿੱਖ ਵਿੱਚ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਆਸਟ੍ਰੇਲੀਆ ਆਉਣਾ ਮੁਸ਼ਕਿਲ ਹੋ ਸਕਦਾ ਹੈ। ਇਹ ਦੁਨੀਆ ਭਰ ਦੇ ਹੋਰ ਦੇਸ਼ਾਂ ਲਈ ਭਵਿੱਖ ਵਿੱਚ ਵੀਜ਼ੇ ਦੀਆਂ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜੋ ਤੁਹਾਡੇ ਵੱਲੋਂ ਅਰਜ਼ੀ ਦਿੱਤੀ ਜਾ ਰਹੀ ਵੀਜ਼ੇ ਦੀ ਕਿਸਮ 'ਤੇ ਨਿਰਭਰ ਕਰਦਾ ਹੈ। ਤੁਹਾਨੂੰ ਆਸਟ੍ਰੇਲੀਆ ਵਿੱਚ ਰਹਿੰਦੇ ਹੋਏ **ਜ਼ਿਆਦਾਤਰ ਹੋਰ ਵੀਜ਼ਿਆਂ ਵਾਸਤੇ ਅਰਜ਼ੀ ਦੇਣ ਦੀ ਆਗਿਆ ਨਹੀਂ ਹੋਵੇਗੀ**।

### ਮਾਈਗ੍ਰੇਸ਼ਨ ਏਜੰਟ

ਆਸਟ੍ਰੇਲੀਆ ਵਿੱਚ, ਮਾਈਗ੍ਰੇਸ਼ਨ ਏਜੰਟਾਂ ਨੂੰ ਮਾਈਗ੍ਰੇਸ਼ਨ ਏਜੰਟ ਰਜਿਸਟ੍ਰੇਸ਼ਨ ਅਥਾਰਟੀ (OMARA) ਨਾਲ ਰਜਿਸਟਰ ਹੋਣਾ ਲਾਜ਼ਮੀ ਹੈ। ਤੁਸੀਂ ਇਹ **ਜਾਂਚ ਕਰਨ ਲਈ ਵੈਬਸਾਈਟ 'ਤੇ ਜਾ ਸਕਦੇ ਹੋ ਕਿ ਕੀ ਕੋਈ ਏਜੰਟ ਰਜਿਸਟਰਡ ਹੈ**।

ਕਿਸੇ ਵਿਅਕਤੀ ਲਈ ਪ੍ਰਵਾਸ ਸਲਾਹ ਲਈ ਫੀਸ ਲੈਣਾ **ਗੈਰ-ਕਾਨੂੰਨੀ** ਹੈ ਜਦੋਂ ਤੱਕ ਕਿ ਉਹ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆ ਦਾ ਕਾਨੂੰਨੀ ਪ੍ਰੈਕਟੀਸ਼ਨਰ ਨਾ ਹੋਵੇ। ਕਿਸੇ ਅਜਿਹੇ ਵਿਅਕਤੀ ਨੂੰ ਸਲਾਹ ਵਾਸਤੇ ਭੁਗਤਾਨ ਕਰਨ ਨਾਲ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆ ਦਾ ਕਾਨੂੰਨੀ ਪ੍ਰੈਕਟੀਸ਼ਨਰ ਨਹੀਂ ਹੈ, ਇਸ ਤਰ੍ਹਾਂ ਲੱਗੇਗਾ ਕਿ ਤੁਸੀਂ ਗ਼ਲਤ ਜਾਣਕਾਰੀ 'ਤੇ ਕੰਮ ਕਰ ਰਹੇ ਹੋ, **ਆਸਟ੍ਰੇਲੀਆ ਵਿੱਚ ਰਹਿਣ ਦੇ ਤੁਹਾਡੇ ਕੋਲ ਕਿਸੇ ਵੀ ਸੰਭਾਵਿਤ ਮੌਕੇ ਨੂੰ ਖ਼ਤਰੇ ਵਿੱਚ ਪਾ ਰਹੇ ਹੋ**।

ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਅਕਸਰ ਸੋਸ਼ਲ ਮੀਡੀਆ ਅਤੇ ਔਨਲਾਈਨ ਚੈਟ ਗਰੁੱਪਾਂ ਵਿੱਚ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦੇ ਹਨ। ਉਹ ਕਈ ਵਾਰ ਬਿਨੈਕਾਰਾਂ ਨੂੰ ਸੁਰੱਖਿਆ ਵੀਜ਼ਾ ਲਈ ਅਰਜ਼ੀ ਦਿੰਦੇ ਸਮੇਂ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਜਾਂ ਝੂਠੇ ਦਸਤਾਵੇਜ਼ ਪ੍ਰਦਾਨ ਕਰਨ ਲਈ ਕਹਿੰਦੇ ਹਨ, ਅਤੇ ਕੁਝ ਇਸ ਗ਼ਲਤ ਸਲਾਹ ਲਈ **ਬਹੁਤ ਸਾਰਾ ਪੈਸਾ ਲੈਂਦੇ ਹਨ**।

ਜੇ ਕੋਈ ਤੁਹਾਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਸਲਾਹ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਸੀਂ Border Watch Online Report (ਬਾਰਡਰ ਵਾਚ ਆਨਲਾਈਨ ਰਿਪੋਰਟ) ਦੀ ਵਰਤੋਂ ਕਰਕੇ ਸਾਨੂੰ ਦੱਸ ਸਕਦੇ ਹੋ। ਤੁਹਾਨੂੰ ਆਪਣਾ ਨਾਮ ਦੱਸਣ ਦੀ ਲੋੜ ਨਹੀਂ ਹੈ।

### ਭਾਈਚਾਰਿਆਂ ਦੀ ਭੂਮਿਕਾ

ਆਸਟ੍ਰੇਲੀਆ ਵਿੱਚ ਰਹਿਣ ਵਾਲੇ ਭਾਈਚਾਰਿਆਂ ਦੀ ਉਹਨਾਂ ਲੋਕਾਂ ਵਿੱਚ **ਝੂਠੀ ਜਾਣਕਾਰੀ ਫੈਲਣ ਤੋਂ ਰੋਕਣ ਵਿੱਚ ਮਹੱਤਵਪੂਰਣ ਭੂਮਿਕਾ ਹੈ** ਜੋ Protection visa ਲਈ ਅਰਜ਼ੀ ਦੇਣ ਬਾਰੇ ਵਿਚਾਰ ਕਰ ਰਹੇ ਹਨ, ਜਿਸ ਵਿੱਚ ਸੰਭਾਵਿਤ ਬਿਨੈਕਾਰਾਂ ਨੂੰ ਇਸ ਤੱਥ ਬਾਰੇ ਸੂਚਿਤ ਕਰਨਾ ਵੀ ਸ਼ਾਮਲ ਹੈ ਕਿ Protection visa **ਕੰਮ ਕਰਨ ਵਾਲਾ ਵੀਜ਼ਾ ਨਹੀਂ ਹੈ**।

ਭਾਈਚਾਰੇ ਕਿਸੇ Protection visa ਅਰਜ਼ੀ ਵਿੱਚ **ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਜਮ੍ਹਾਂ ਕਰਨ** ਅਤੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਨਾਲ ਜੁੜਨ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮਦਦ ਕਰ ਸਕਦੇ ਹਨ।

ਜੇ Protection visa ਵਾਸਤੇ ਅਰਜ਼ੀ ਦੇਣ ਵਾਲਾ ਕੋਈ ਵਿਅਕਤੀ ਤੁਹਾਨੂੰ ਉਹਨਾਂ ਵਾਸਤੇ ਸਹਾਇਤਾ ਚਿੱਠੀ ਲਿਖਣ ਲਈ ਕਹਿੰਦਾ ਹੈ, ਤਾਂ ਤੁਹਾਨੂੰ ਅਜਿਹਾ ਕੇਵਲ ਤਾਂ ਹੀ ਕਰਨਾ ਚਾਹੀਦਾ ਹੈ ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਵਿਅਕਤੀ ਇਕ **ਅਸਲ ਪਨਾਹ ਮੰਗਣ ਵਾਲਾ** ਹੈ ਜੋ ਬਹੁਤ ਜਿਆਦਾ ਨੁਕਸਾਨ ਝੱਲਣ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ ਜਾਂ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਤਾਂ ਉਨ੍ਹਾਂ ਨੂੰ ਤਸ਼ੱਦਦ ਦੀ ਅਸਲ ਸੰਭਾਵਨਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਵਿਅਕਤੀ ਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤੇ ਤੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੋ।

ਜਾਣਨ ਲਈ homeaffairs.gov.au/protection ਤੇ ਜਾਓ

Australian Government